## ਮਿਤੀ 27-12-2022 ਨੂੰ ਦਰਜ ਹੋਏ ਮੁਕੱਦਮੇ

| ਲੜੀ ਨੰ | ਮੁਕੱਦਮਾ ਨੰ: ਮਿਤੀ ਜੁਰਮ ਅਤੇ ਥਾਣਾ | ਮੁਦੱਈ ਮੁਕੱਦਮਾ ਦਾ ਨਾਮ, ਪਤਾ ਅਤੇ ਉਮਰ | ਦੋਸ਼ੀ ਦਾ ਨਾਮ ਅਤੇ ਪਤਾ | ਸੰਖੇਪ ਹਾਲਾਤ |
|---|---|---|---|---|
| 1 | ਮੁਕੱਦਮਾ ਨੰ:148<br>ਮਿਤੀ:27-12-22<br>ਜੁਰਮ:379ਬੀ,379, 411,34,ਆਈ.ਪੀ.ਸੀ<br>ਥਾਣਾ ਮਟੌਰ | ਐਸ ਆਈ:ਵਲੈਤੀ ਰਾਮ<br>98786-01559 | 1) ਸਵਨ ਖਾਨ ਉਰਫ ਸਾਹਨੂੰ ਪੁੱਤਰ ਸ਼ੌਕੀਨ ਖਾਨ ਵਾਸੀ ਨੇੜੇ ਟਰੌਟੋ ਪੀ ਜੀ, ਸੋਹਾਣਾਂ<br>2) ਅਭੀਸ਼ੇਕ ਸ਼ਰਮਾਂ ਉਰਫ ਬਾਮਨ ਪੁੱਤਰ ਸਦੀਪ ਸ਼ਰਮਾਂ ਵਾਸੀ ਪਿੰਡ ਚੰਡਿਆਲਾ ਸੂਦਾ, ਥਾਣਾ ਸੋਹਾਣਾਂ | ਅੱਜ ਮਨ ਐਸ ਆਈ:ਸਮੇਤ ਪੁਲਿਸ ਪਾਰਟੀ ਬਾ-ਸਿਲਸਿਲਾ ਗਸਤ ਬਾ-ਚੈਕਿੰਗ ਸ਼ੱਕੀ ਪੁਰਸ਼ਾਂ ਦੇ ਸਬੰਧ ਵਿੱਚ ਨੇੜੇ ਵੇਰਕਾ ਬੂਥ ਸੈਕ:71, ਮੋਹਾਲੀ ਵਿਖੇ ਮੌਜੂਦ ਸੀ। ਤਾਂ ਮੁੱਖਬਰ ਖਾਸ ਨੇ ਇੱਤਲਾਹ ਦਿੱਤੀ ਕਿ ਉਕਤਾਨ ਦੋਸ਼ੀਆਨ ਮੋਟਰ ਸਾਈਕਲ ਚੋਰੀ ਕਰਨ ਦੇ ਤੇ ਮੋਬਾਇਲ ਫੋਨ ਖੋਹ ਦੇ ਆਦੀ ਹਨ। ਜੋ ਅੱਜ ਵੀ ਚੋਰੀ ਦੇ ਬਿਨ੍ਹਾ ਨੰਬਰੀ ਮੋਟਰ ਸਾਈਕਲ ਤੇ ਸਵਾਰ ਹੋ ਕੇ ਮੋਬਾਇਲ ਫੋਨ ਖੋਹਣ ਦੇ ਇਰਾਦੇ ਨਾਲ ਸੈਕ: 70/71, ਮੋਹਾਲੀ ਵਿਖੇ ਘੁੰਮ ਰਹੇ ਹਨ। ਜੇਕਰ ਹੁਣੇ ਹੀ ਨਾਕਾਬੰਦੀ ਕੀਤੀ ਜਾਵੇ ਤਾਂ ਉਕਤਾਨ ਦੋਸ਼ੀਆਨ ਨੂੰ ਚੋਰੀ ਦੇ ਮੋਟਰ ਸਾਈਕਲ ਸਮੇਤ ਮੌਕੇ ਤੇ ਕਾਬੂ ਕੀਤਾ ਜਾ ਸਕਦਾ ਹੈ। ਤਰੁੰਤ ਨਾਕਾਬੰਦੀ ਕਰਕੇ ਉਕਤਾਨ ਦੋਸ਼ੀਆਨ ਨੂੰ ਮੌਕੇ ਤੇ ਕਾਬੂ ਕੀਤਾ ਗਿਆ। |
| 2 | ਮੁਕੱਦਮਾ ਨੰ:106<br>ਮਿਤੀ:27-12-22<br>ਜੁਰਮ:11 (ਏ), ਦੀ ਪ੍ਰੋਵੈਨਸ਼ਨ ਆਫ ਕਰੂਲਟੀ ਟੂ ਐਨੀਮਲਸ ਐਕਟ-1960<br>ਥਾਣਾ ਨਵਾਂ ਗਰਾਉ | ਮਨਦੀਪ ਕੌਰ ਵਾਸੀ ਮਕਾਨ ਨੰ:ਬੀ06/257, ਗੋਬਿੰਦ ਨਗਰ, ਨਵਾਂ ਗਰਾਉ<br>ਉਮਰ 25 ਸਾਲ<br>78887-59506 | 06/07, ਨਾ-ਮਾਲੂਮ ਵਿਅਕਤੀ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮੇਰੇ ਘਰ ਦੇ ਬਾਹਰ ਗਲੀ ਵਿੱਚ ਇਕ ਕਾਲਾ ਕੁੱਤਾ ਰਹਿੰਦਾ ਹੈ। ਜਿਸ ਨੂੰ ਮੈ ਅਕਸਰ ਖਾਣਾ ਪਾ ਦਿੰਦੀ ਹਾਂ। ਮਿਤੀ 26-12-22 ਨੂੰ ਉਸ ਕੁੱਤੇ ਨੂੰ 06/07, ਨਾ-ਮਾਲੂਮ ਵਿਅਕਤੀ ਵੱਲੋ ਡੰਡਿਆ ਨਾਲ ਬੁਰੀ ਤਰ੍ਹਾ ਕੁੱਟਿਆ ਗਿਆ ਹੈ। ਉਸਦੀ ਡਾਕਟਰੀ ਜਾਂਚ ਤੋ ਪਤਾ ਲੱਗਾ ਕਿ ਉਸਦੇ ਅਗਲੇ ਦੰਦ ਤੇ ਇਕ ਲੱਤ ਟੁੱਟ ਗਈ ਹੈ। ਉਹਨਾਂ ਨਾ-ਮਾਲੂਮ ਵਿਅਕਤੀਆ ਵੱਲੋ ਇਕ ਬੇਜੁਬਾਨ ਜਾਨਵਰ ਤੇ ਬਹੁਤ ਅੱਤਿਆਚਾਰ ਕੀਤਾ ਗਿਆ। ਜਿਹਨਾਂ ਦੇ ਖਿਲਾਫ ਮੈ ਹੁਣ ਮੁਕੱਦਮਾ ਦਰਜ ਕਰਵਾਇਆ। |
| 3 | ਮੁਕੱਦਮਾ ਨੰ:187<br>ਮਿਤੀ:27-12-22<br>ਜੁਰਮ:380,457, ਆਈ.ਪੀ.ਸੀ<br>ਥਾਣਾ ਫੇਸ-8 | ਰਜਨੀਸ਼ ਕੁਮਾਰ ਪੁੱਤਰ ਸੁਰਦਰਸ਼ਨ ਕੁਮਾਰ ਵਾਸੀ ਮਕਾਨ ਨੰ:113, ਫੇਸ-9, ਮੋਹਾਲੀ<br>ਉਮਰ 33 ਸਾਲ<br>98884-86621 | ਨਾ-ਮਾਲੂਮ ਵਿਅਕਤੀ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮੈ ਕੁਝ ਦਿਨ ਪਹਿਲਾ ਆਪਣੇ ਪਰਿਵਾਰ ਸਮੇਤ ਆਪਣੀ ਰਿਸ਼ਤੇਦਾਰੀ ਵਿੱਚ ਦਿਲੀ ਵਿਖੇ ਗਿਆ ਸੀ। ਜਦੋ ਹੁਣ ਮਿਤੀ 21-12-22 ਨੂੰ ਅਸੀ ਆਪਣੇ ਘਰ ਵਾਪਸ ਆ ਕੇ ਦੇਖਿਆ ਤਾਂ ਸਾਡੇ ਮਕਾਨ ਦੇ ਤਾਲੇ ਟੁੱਟੇ ਹੋਏ ਸਨ ਤੇ ਘਰ ਅੰਦਰ ਦਾ ਸਮਾਨ ਖਿੱਲਰਿਆ ਪਿਆ ਸੀ ਤੇ ਵਿੱਚੋ ਸੋਨੇ, ਚਾਂਦੀ ਦੇ ਗਹਿਣੇ, ਕੁਝ ਕੈਸ਼ ਤੇ ਹੋਰ ਜਰੂਰੀ ਕਾਗਜਾਤ ਗਾਇਬ ਸਨ। ਜਿਹਨਾਂ ਨੂੰ ਕੋਈ ਨਾ-ਮਾਲੂਮ ਵਿਅਕਤੀ ਚੋਰੀ ਕਰਕੇ ਲੈ ਗਿਆ। ਜਿਸ ਦੀ ਅਸੀ ਹੁਣ ਤੱਕ ਆਪਣੇ ਤੌਰ ਤੇ ਭਾਲ ਕਰਦੇ ਰਹੇ ਪਰ ਉਹ ਨਹੀ ਮਿਲਿਆ। ਜਿਸ ਤੇ ਹੁਣ ਮੈ ਉਸ ਨਾ-ਮਾਲੂਮ ਵਿਅਕਤੀ ਖਿਲਾਫ ਮੁਕੱਦਮਾ ਦਰਜ ਕਰਵਾਇਆ। |
| 4 | ਮੁਕੱਦਮਾ ਨੰ:542<br>ਮਿਤੀ:27-12-22<br>ਜੁਰਮ:380,457, ਆਈ.ਪੀ.ਸੀ<br>ਥਾਣਾ ਸੋਹਾਣਾਂ | ਗੁਰਜੰਟ ਸਿੰਘ ਪੁੱਤਰ ਗੁਲਜਾਰ ਸਿੰਘ ਵਾਸੀ ਮਕਾਨ ਨੰ:1433, ਸੈਕ:80, ਮੋਹਾਲੀ<br>ਉਮਰ 30 ਸਾਲ<br>87250-60097 | ਨਾ-ਮਾਲੂਮ ਵਿਅਕਤੀ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮਿਤੀ 20-12-22 ਨੂੰ ਮੈ ਆਪਣੇ ਪਰਿਵਾਰ ਸਮੇਤ ਆਪਣੀ ਭੈਣ ਦੇ ਘਰ ਗਿਆ ਸੀ। ਜਦੋ ਅੱਜ ਅਸੀ ਆਪਣੇ ਘਰ ਵਾਪਸ ਆ ਕੇ ਦੇਖਿਆ ਤਾਂ ਸਾਡੇ ਮਕਾਨ ਦੇ ਤਾਲੇ ਟੁੱਟੇ ਹੋਏ ਸਨ ਤੇ ਘਰ ਅੰਦਰ ਦਾ ਸਮਾਨ ਖਿੱਲਰਿਆ ਪਿਆ ਸੀ ਤੇ ਵਿੱਚੋ ਸੋਨੇ, ਚਾਂਦੀ ਦੇ ਗਹਿਣੇ, ਕੁਝ ਕੈਸ਼, ਸੀ ਸੀ ਟੀ ਵੀ ਕੈਮਰਿਆ ਦਾ ਡੀ ਵੀ ਆਰ ਤੇ ਅਲਮਾਰੀ ਵਿੱਚੋ ਹੋਰ ਕਾਫੀ ਆਈਟਮਾ ਗਾਇਬ ਸਨ। ਜਿਹਨਾਂ ਨੂੰ ਕੋਈ ਨਾ-ਮਾਲੂਮ ਵਿਅਕਤੀ ਚੋਰੀ ਕਰਕੇ ਲੈ ਗਿਆ। ਜਿਸ ਦੀ ਅਸੀ ਆਪਣੇ ਤੌਰ ਤੇ ਕਾਫੀ ਭਾਲ ਕੀਤੀ ਪਰ ਉਹ ਨਹੀ ਮਿਲਿਆ। ਜਿਸ ਤੇ ਹੁਣ ਮੈ ਉਸ ਨਾ-ਮਾਲੂਮ ਵਿਅਕਤੀ ਖਿਲਾਫ ਮੁਕੱਦਮਾ ਦਰਜ ਕਰਵਾਇਆ। |

| | | | | |
|---|---|---|---|---|
| 5 | ਮੁਕੱਦਮਾ ਨੰ:370<br>ਮਿਤੀ:27-12-22<br>ਜੁਰਮ:279,304ਏ,<br>427,ਆਈ.ਪੀ.ਸੀ<br>ਥਾਣਾ ਸਿਟੀ ਖਰੜ | ਕੁਲਵੀਰ ਸਿੰਘ ਪੁੱਤਰ ਲੇਟ ਜਾਗਰ ਸਿੰਘ ਵਾਸੀ ਪਿੰਡ ਫਤਿਹਗੜ੍ਹ, ਥਾਣਾ ਸਦਰ ਕੁਰਾਲੀ<br>ਉਮਰ 29 ਸਾਲ<br>82840-58504 | ਨਾ-ਮਾਲੂਮ ਡਰਾਈਵਰ ਤੇ ਕਾਰ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮੈ ਮੋਹਾਲੀ ਵਿਖੇ ਪ੍ਰਾਈਵੇਟ ਨੌਕਰੀ ਕਰਦਾ ਹਾਂ। ਮੇਰਾ ਵੱਡਾ ਭਰਾ ਜਗਜੋਤ ਸਿੰਘ ਵੀ ਮੇਰੇ ਨਾਲ ਹੀ ਨੌਕਰੀ ਕਰਦਾ ਸੀ। ਮਿਤੀ 23-12-22 ਨੂੰ ਵਕਤ ਕਰੀਬ 08:30 ਪੀ ਐਮ ਦਾ ਹੋਵੇਗਾ ਮੈ ਤੇ ਮੇਰਾ ਭਰਾ ਆਪਣੇ ਆਪਣੇ ਮੋਟਰ ਸਾਈਕਲਾ ਪਰ ਸਵਾਰ ਹੋ ਕੇ ਮੋਹਾਲੀ ਤੋ ਸੰਤੇ ਮਾਜਰਾ ਕਲੋਨੀ ਖਰੜ ਵਿਖੇ ਜਾ ਰਹੇ ਸਨ। ਜਦੋ ਅਸੀ ਸੰਤੇ ਮਾਜਰਾ ਕਲੋਨੀ ਨੇੜੇ ਸ਼ਿਵਾਲਿਕ ਸਿਟੀ ਖਰੜ ਵਿਖੇ ਪੁੱਜੇ ਤਾਂ ਮੇਰਾ ਭਰਾ ਆਪਣੇ ਮੋਟਰ ਸਾਈਕਲ ਨੰ:ਪੀ ਬੀ-27ਐਚ-1430 ਮਾਰਕਾ ਸਪਲੈਂਡਰ ਰੰਗ ਪਰ ਸਵਾਰ ਹੋ ਕੇ ਮੇਰੇ ਤੋ ਥੋੜ੍ਹਾ ਅੱਗੇ ਜਾ ਰਿਹਾ ਸੀ। ਫਿਰ ਪਿੱਛੋ ਇਕ ਨਾ-ਮਾਲੂਮ ਕਾਰ ਆਈ ਜਿਸ ਦ ਨਾ-ਮਾਲੂਮ ਡਰਾਈਵਰ ਨੇ ਆਪਣੀ ਕਾਰ ਨੂੰ ਬੜੀ ਤੇਜ ਰਫਤਾਰੀ ਅਤੇ ਲਾਪ੍ਰਵਾਹੀ ਨਾਲ ਲਿਆ ਕੇ ਪਿੱਛੋ ਮੇਰੇ ਭਰਾ ਦੇ ਮੋਟਰ ਸਾਈਕਲ ਵਿੱਚ ਮਾਰਿਆ ਤੇ ਮੌਕੇ ਤੋ ਫਰਾਰ ਹੋ ਗਿਆ। ਜਿਸ ਦਾ ਮੈ ਨੰਬਰ ਨਹੀ ਪੜ੍ਹ ਸਕਿਆ। ਜਿਸ ਕਾਰਨ ਮੇਰਾ ਭਰਾ ਸੜਕ ਤੇ ਡਿੱਗ ਪਿਆ ਤੇ ਉਸ ਦੇ ਕਾਫੀ ਸੱਟਾਂ ਲੱਗੀਆ। ਜਿਸ ਨੂੰ ਮੈ ਇਲਾਜ ਲਈ ਪੀ ਜੀ ਆਈ ਚੰਡੀਗੜ੍ਹ ਵਿਖੇ ਦਾਖਲ ਕਰਵਾਇਆ। ਜਿੱਥੇ ਉਸ ਦੀ ਦੌਰਾਨੇ ਇਲਾਜ ਮੌਤ ਹੋ ਗਈ। ਬਾਅਦ ਵਿੱਚ ਮੈ ਉਸ ਨਾ-ਮਾਲੂਮ ਕਾਰ ਦੇ ਨਾ-ਮਾਲੂਮ ਡਰਾਈਵਰ ਖਿਲਾਫ ਮੁਕੱਦਮਾ ਦਰਜ ਕਰਵਾਇਆ। |
| 6 | ਮੁਕੱਦਮਾ ਨੰ:84<br>ਮਿਤੀ:27-12-22<br>ਜੁਰਮ:323,325,506,<br>34, ਆਈ.ਪੀ.ਸੀ<br>ਥਾਣਾ ਬਲਾਕ ਮਾਜਰੀ | ਗੁਰਪ੍ਰੀਤ ਕੌਰ ਪੁੱਤਰੀ ਬਲਵਿੰਦਰ ਸਿੰਘ ਹਾਲ ਵਾਸੀ ਪਿੰਡ ਮਾਜਰੀ,ਥਾਣਾ ਬਲਾਕ ਮਾਜਰੀ<br>ਉਮਰ 35 ਸਾਲ<br>76963-95676 | 1) ਸਤਨਾਮ ਸਿੰਘ<br>2) ਮੇਜਰ ਸਿੰਘ<br>3) ਸੱਬਾ ਵਾਸੀਆਨ ਪਿੰਡ ਮਹਿਰਮਪੁਰ ਟੱਪਰੀਆ, ਥਾਣਾ ਬਲਾਕ ਮਾਜਰੀ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮੈ ਪਿੰਡ ਮਹਿਰੋਲੀ ਵਿਖੇ ਸ਼ਮਸ਼ੇਰ ਦੇ ਘਰ ਕੰਮ ਕਰਦੀ ਹਾਂ। ਉਕਤਾਨ ਦੋਸ਼ੀਆਨ ਸਤਨਾਮ ਸਿੰਘ ਤੇ ਮੇਜਰ ਸਿੰਘ ਵੀ ਉੱਥੇ ਹੀ ਕੰਮ ਕਰਦੇ ਸਨ। ਮਿਤੀ 20-11-22 ਨੂੰ ਸਤਨਾਮ ਸਿੰਘ ਨੇ ਮੇਰੇ ਤੋ 2000 ਰੁਪਏ ਉਧਾਰੇ ਲਏ ਸਨ। ਜਦੋ ਮਿਤੀ 24-11-22 ਨੂੰ ਮੈ ਉਸ ਦੇ ਪਿੰਡ ਆਪਣੇ ਪੈਸੇ ਵਾਪਸ ਮੰਗਣ ਲਈ ਗਈ ਤਾਂ ਉੱਥੇ ਉਕਤਾਨ ਦੋਸ਼ੀਆਨ ਸਤਨਾਮ ਸਿੰਘ, ਮੇਜਰ ਸਿੰਘ ਤੇ ਸੱਬਾ ਮੈਨੂੰ ਗਾਲ੍ਹਾ ਕੱਢਣ ਲੱਗ ਪਏ। ਜਦੋ ਮੈ ਉਹਨਾਂ ਨੂੰ ਅਜਿਹਾ ਕਰਨ ਤੋ ਰੋਕਿਆ ਤਾਂ ਉਹਨਾਂ ਨੇ ਰੱਲ ਕੇ ਮੇਰੀ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ। ਜਦੋ ਮੈ ਰੌਲਾ ਪਾਇਆ ਤਾਂ ਉਕਤਾਨ ਦੋਸ਼ੀਆਨ ਜਾਨੋ ਮਾਰਨ ਦੀਆ ਧਮਕੀਆ ਦਿੰਦੇ ਹੋਏ ਮੌਕੇ ਤੋ ਫਰਾਰ ਹੋ ਗਏ। ਜਿਹਨਾਂ ਨਾਲ ਮੇਰੀ ਹਣ ਤੱਕ ਰਾਜੀਨਾਮੇ ਦੀ ਗੱਲ ਚੱਲਦੀ ਰਹੀ ਪਰ ਸਿੱਰੇ ਨਹੀ ਚੜ੍ਹ ਸਕੀ। ਜਿਸ ਤੇ ਹੁਣ ਮੈ ਉਕਤਾਨ ਦੋਸ਼ੀਆਨ ਖਿਲਾਫ ਮੁਕੱਦਮਾ ਦਰਜ ਕਰਵਾਇਆ। |
| 7 | ਮੁਕੱਦਮਾ ਨੰ:501<br>ਮਿਤੀ:27-12-22<br>ਜੁਰਮ:380,457,411,<br>ਆਈ.ਪੀ.ਸੀ<br>ਥਾਣਾ ਜੀਰਕਪੁਰ | ਸ:ਥ:ਜਰਨੈਲ ਸਿੰਘ<br>62833-45631 | ਅਜੀਮ ਪੁੱਤਰ ਰਹੀਸ ਅਹਿਮਦ ਵਾਸੀ ਪਿੰਡ ਭਬਾਤ, ਥਾਣਾ ਜੀਰਕਪੁਰ | ਅੱਜ ਮਨ ਸ:ਥ:ਸਮੇਤ ਪੁਲਿਸ ਪਾਰਟੀ ਬਾ-ਸਿਲਸਿਲਾ ਗਸਤ ਬਾ-ਚੈਕਿੰਗ ਸ਼ੱਕੀ ਪੁਰਸ਼ਾਂ ਦੇ ਸਬੰਧ ਵਿੱਚ ਪਟਿਆਲਾ ਰੋਡ, ਜੀਰਕਪੁਰ ਵਿਖੇ ਮੌਜੂਦ ਸੀ। ਤਾਂ ਮੁੱਖਬਰ ਖਾਸ ਨੇ ਇੱਤਲਾਹ ਦਿੱਤੀ ਕਿ ਉਕਤ ਦੋਸ਼ੀ ਘਰਾ ਵਿੱਚ ਚੋਰੀਆ ਕਰਨ ਦਾ ਆਦੀ ਹੈ। ਜਿਸ ਨੇ ਮਿਤੀ 25/26-12-22 ਦੀ ਦਰਮਿਆਨੀ ਰਾਤ ਨੂੰ ਮਕਾਨ ਨੰ:368, ਸ਼ਿਵਾ ਇੰਨਕਲੇਵ,ਜੀਰਕਪੁਰ ਵਿੱਚੋ ਸਮਾਨ ਚੋਰੀ ਕੀਤਾ ਹ ਤੇ ਚੋਰੀ ਦਾ ਸਮਾਨ ਆਪਣੇ ਘਰ ਵਿੱਚ ਰੱਖਿਆ ਹੋਇਆ ਹੈ। ਜੇਕਰ ਹੁਣੇ ਹੀ ਉਕਤ ਦੋਸ਼ੀ ਦੇ ਘਰ ਰੇਡ ਕੀਤੀ ਜਾਵੇ ਤਾਂ ਉਸ ਨੂੰ ਚੋਰੀ ਸਮਾਨ ਸਮੇਤ ਮੌਕੇ ਤੇ ਕਾਬੂ ਕੀਤਾ ਜਾ ਸਕਦਾ ਹੈ। ਤਰੁੰਤ ਰੇਡ ਕਰਕੇ ਉਕਤ ਦੋਸ਼ੀ ਨੂੰ ਮੌਕੇ ਤੇ ਕਾਬੂ ਕੀਤਾ ਗਿਆ। ਜਿਸ ਪਾਸੋ ਚੋਰੀ ਦੀਆ ਟੂੱਟੀਆ ਤੇ ਹੋਰ ਸਮਾਨ ਬਰਾਮਦ ਹੋਇਆ। |
| 8 | ਮੁਕੱਦਮਾ ਨੰ:126<br>ਮਿਤੀ:27-12-22<br>ਜੁਰਮ:380,457,<br>ਆਈ.ਪੀ.ਸੀ<br>ਥਾਣਾ ਢਕੋਲੀ | ਮੁਕੇਸ਼ ਕੁਮਾਰ ਪੁੱਤਰ ਅਨਿਲ ਜੈਨ ਵਾਸੀ ਫਲੈਟ ਨੰ:401, ਟਾਵਰ ਨੰ:03/ਏ, ਸੰਨ ਸਿਟੀ, ਪ੍ਰੀਕਰਮਾ, ਸੈਕ:20, ਪੰਚਕੂਲਾਂ, ਹਰਿਆਣਾ<br>ਉਮਰ 30 ਸਾਲ<br>98766-82652 | 1) ਧਰਮਿੰਦਰ ਪੁੱਤਰ ਰਾਮ ਗੋਪਾਲ<br>2) ਸੂਰਜ ਪੁੱਤਰ ਮੋਹਨ ਵਾਸੀਆਨ ਪੀਰ ਮੁਛੱਲਾ, ਢਕੋਲੀ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮੈ ਟ੍ਰਾਈਸਿਟੀ ਪਲਾਜਾ,ਪੀਰ ਮੁੱਛਲਾ ਵਿਖੇ ਆਫਿਸ ਨੰ:101 ਵਿੱਚ ਐਫ-1, ਡਿਜੀਟਲ ਦੇ ਨਾਮ ਤੋ ਕੰਪਨੀ ਚੱਲਾ ਰਿਹਾ ਹੈ। ਮਿਤੀ 14-12-22 ਦੀ ਸ਼ਾਮ ਨੂੰ ਮੈ ਆਪਣੇ ਆਫਿਸ ਨੂੰ ਤਾਲਾ ਲੱਗਾ ਕੇ ਆਪਣੇ ਘਰ ਨੂੰ ਚੱਲੇ ਗਿਆ ਸੀ। ਜਦੋ ਮਿਤੀ 15-12-22 ਦੀ ਸਵੇਰ ਨੂੰ ਮੈ ਵਾਪਸ ਆ ਕੇ ਦੇਖਿਆ ਤਾਂ ਮੇਰੇ ਆਫਿਸ ਦਾ ਤਾਲਾ ਟੁੱਟਿਆ ਹੋਇਆ ਸੀ ਤੇ ਆਫਿਸ ਦੇ ਅੰਦਰ ਦਾ ਸਮਾਨ ਖਿੱਲਰਿਆ ਪਿਆ ਸੀ। ਜਦੋ ਮੈ ਆਪਣਾ ਸਮਾਨ ਚੈਕ ਕੀਤਾ ਤਾਂ ਆਫਿਸ ਵਿੱਚੋ ਇਕ ਮੋਬਾਇਲ ਫੋਨ, 50 ਹਜਾਰ ਰੁਪਏ ਨਗਦ ਦੇ ਹੋਰ ਜਰੂਰੀ ਕਾਗਜਾਤ ਗਾਇਬ ਸਨ। ਮੈਨੂੰ ਸ਼ੱਕ ਹੈ ਕਿ ਉਕਤਾਨ ਦੋਸ਼ੀਆਨ ਨੇ ਮੇਰੇ ਆਫਿਸ ਵਿੱਚੋ ਸਮਾਨ ਚੋਰੀ ਕੀਤਾ ਹੈ। ਜਿਸ ਤੇ ਹੁਣ ਮੈ ਉਕਤਾਨ ਦੋਸ਼ੀਆਨ ਖਿਲਾਫ ਮੁਕੱਦਮਾ ਦਰਜ ਕਰਵਾਇਆ। |

| | | | | |
|---|---|---|---|---|
| 9 | ਮੁਕੱਦਮਾ ਨੰ:413<br>ਮਿਤੀ:27-12-22<br>ਜੁਰਮ:175,272,274,<br>420,ਆਈ.ਪੀ.ਸੀ ਤੇ<br>11, ਦੀ ਪ੍ਰੋਵੈਨਸ਼ਨ ਆਫ<br>ਕਰੂਲਟੀ ਟੂ ਐਨੀਮਲਸ<br>ਐਕਟ-1960<br>ਥਾਣਾ ਡੇਰਾਬੱਸੀ | ਸ:ਥ:ਅਸ਼ੋਕ ਕੁਮਾਰ<br>94178-86308 | ਸਚਿੱਨ ਗੁਪਤਾ ਪੁੱਤਰ ਮਦਨ<br>ਲਾਲ ਵਾਸੀ ਪਿੰਡ ਸਮਗੋਲੀ,<br>ਥਾਣਾ ਡੇਰਾਬੱਸੀ | ਅੱਜ ਮਨ ਸ:ਥ:ਸਮੇਤ ਪੁਲਿਸ ਪਾਰਟੀ ਬਾ-ਸਿਲਸਿਲਾ ਗਸਤ ਬਾ-ਚੈਕਿੰਗ ਸ਼ੱਕੀ ਪੁਰਸ਼ਾਂ ਦੇ ਸਬੰਧ ਵਿੱਚ ਨੇੜੇ ਕਾਲਜ ਰੋਡ ਡੇਰਾਬੱਸੀ ਵਿਖੇ ਮੌਜੂਦ ਸੀ। ਤਾਂ ਮੁੱਖਬਰ ਖਾਸ ਨੇ ਇੱਤਲਾਹ ਦਿੱਤੀ ਕਿ ਉਕਤ ਦੋਸ਼ੀ ਪਿੰਡ ਮੁਕੰਦਪੁਰ, ਥਾਣਾ ਡੇਰਾਬੱਸੀ ਵਿਖੇ ਖਲ ਫੀਡ ਦੀ ਦੁਕਾਨ ਕਰਦਾ ਹੈ। ਜੋ ਆਪਣੀ ਗੱਡੀ ਨੰ:ਪੀ ਬੀ-70ਡੀ-9607 ਵਿੱਚ ਸਵਾਰ ਹੋ ਕੇ ਪਿੰਡਾਂ ਵਿੱਚ ਘੁੰਮ ਫਿਰ ਕੇ ਮੱਝਾਂ ਗਾਵਾ ਨੂੰ ਲੱਗਾਉਂਣ ਵਾਲੇ ਟੀਕਿਆ ਦੀਆ ਸ਼ੀਸ਼ੀਆ ਜਿਨ੍ਹਾ ਉਪਰ ਟਾਟਾ ਸੁਪਰ ਹਿੱਟ ਨਕਲੋ ਸਾਵਧਾਨ ਲਿਖਿਆ ਹੁੰਦਾ ਹੈ ਨੂੰ ਵੀ ਵੇਚਣ ਦਾ ਕੰਮ ਕਰਦਾ ਹੈ। ਜਿਹਨਾਂ ਦੇ ਉਪਰ ਕੋਈ ਬੈਚ ਨੰਬਰ ਦਰਜ ਨਹੀ ਹੈ। ਜਿਸ ਨਾਲ ਕਿਸੇ ਵੀ ਜਾਨਵਰ ਦੀ ਜਾਨ ਜਾ ਸਕਦੀ ਹੈ। ਉਕਤ ਦੋਸ਼ੀ ਇਹਨਾਂ ਟੀਕਿਆ ਦੀਆ ਸ਼ੀਸ਼ੀਆ ਨੂੰ ਵੇਚ ਕੇ ਆਪਣਾ ਨਿੱਜੀ ਮੁਨਾਫਾ ਕਮਾ ਰਿਹਾ ਹੈ ਤੇ ਉਸ ਪੰਜਾਬ ਸਰਕਾਰ ਨਾਲ ਧੋਖਾ ਧੜੀ ਕਰਕੇ ਸਰਕਾਰ ਨੂੰ ਮਾਲੀ ਨੁਕਸਾਨ ਪਹੁੰਚਾ ਰਿਹਾ ਹੈ। ਜੋ ਅੱਜ ਵੀ ਆਪਣੀਆ ਇਹ ਟੀਕਿਆ ਵਾਲੀਆ ਸ਼ੀਸ਼ੀਆ ਵੇਚਣ ਲਈ ਪਿੰਡ ਮੁਕੰਦਪੁਰ ਵਿੱਚ ਘੁੰਮ ਰਿਹਾ ਹੈ। ਜੇਕਰ ਹੁਣੇ ਹੀ ਰੇਡ ਕੀਤੀ ਜਾਵੇ ਤਾਂ ਉਕਤ ਦੋਸ਼ੀ ਨੂੰ ਮੌਕੇ ਤੇ ਕਾਬੂ ਕੀਤਾ ਜਾ ਸਕਦਾ ਹੈ। ਤਰੁੰਤ ਰੇਡ ਕਰਕੇ ਉਕਤ ਦੋਸ਼ੋ ਨੂੰ ਮੌਕੇ ਤੇ ਕਾਬੂ ਕੀਤਾ ਗਿਆ। ਜਿਸ ਪਾਸੋ ਮੱਝਾਂ ਗਾਵਾਂ ਨੂੰ ਲੱਗਾਉਂਣ ਵਾਲੇ ਟੀਕਿਆ ਦੀਆ 100 ਸ਼ੀਸ਼ੀਆ ਬਰਾਮਦ ਹੋਈਆ। ਜਿਹਨਾਂ ਸਬੰਧੀ ਉਕਤ ਦੋਸ਼ੀ ਕੋਈ ਵੀ ਲਾਈਸੈਂਸ ਤੇ ਪਰਮਿਟ ਪੇਸ਼ ਨਹੀ ਕਰ ਸਕਿਆ। ਜਿਸ ਨੂੰ ਮੌਕੇ ਤੇ ਕਾਬੂ ਕੀਤਾ ਗਿਆ। |
| 10 | ਮੁਕੱਦਮਾ ਨੰ:194<br>ਮਿਤੀ:27-12-22<br>ਜੁਰਮ:323,341,506,<br>34,ਆਈ.ਪੀ.ਸੀ<br>ਥਾਣਾ ਲਾਲੜੂ | ਗੁਰਪ੍ਰੀਤ ਸਿੰਘ ਪੁੱਤਰ ਗੁਰਸ਼ਰਨ ਸਿੰਘ<br>ਵਾਸੀ ਪਿੰਡ ਤੋਗਾਪੁਰ, ਥਾਣਾ ਲਾਲੜੂ<br>ਉਮਰ 29 ਸਾਲ<br>86990-60006 | 1) ਕੰਵਲਜੀਤ ਸਿੰਘ ਪੁੱਤਰ<br>ਸੁਖਬੀਰ ਸਿੰਘ<br>2) ਸਤਿੰਦਰਜੀਤ ਸਿੰਘ ਪੁੱਤਰ<br>ਸੁਖਬੀਰ ਸਿੰਘ ਵਾਸੀਆਨ ਪਿੰਡ<br>ਤੋਗਾਪੁਰ, ਥਾਣਾ ਲਾਲੜੂ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮਿਤੀ 13-12-22 ਨੂੰ ਵਕਤ ਕਰੀਬ 06:20 ਪੀ ਐਮ ਦਾ ਹੋਵੇਗਾ ਉਕਤਾਨ ਦੋਸ਼ੀਆਨ ਨੇ ਬਿਨ੍ਹਾ ਕਿਸੇ ਗੱਲ ਤੋ ਮੈਨੂੰ ਤੇ ਮੇਰੇ ਪਿਤਾ ਗੁਰਸ਼ਰਨ ਸਿੰਘ ਨੂੰ ਪਿੰਡ ਵਿੱਚ ਘੇਰ ਲਿਆ ਤੇ ਉਹਨਾਂ ਨੇ ਰੱਲ ਕੇ ਸਾਡੀ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ। ਜਦੋ ਅਸੀ ਰੌਲਾ ਪਾਇਆ ਤਾਂ ਉਕਤਾਨ ਦੋਸ਼ੀਆਨ ਜਾਨੋ ਮਾਰਨ ਦੀਆ ਧਮਕੀਆ ਦਿੰਦੇ ਹੋਏ ਮੌਕੇ ਤੋ ਫਰਾਰ ਹੋ ਗਏ। ਜਿਹਨਾਂ ਨਾਲ ਸਾਡੀ ਹੁਣ ਤੱਕ ਰਾਜੀਨਾਮੇ ਦੀ ਗੱਲ ਚੱਲਦੀ ਰਹੀ ਪਰ ਸਿੱਰੇ ਨਹੀ ਚੜ੍ਹ ਸਕੀ। ਜਿਸ ਤੇ ਹੁਣ ਮੈ ਉਕਤਾਨ ਦੋਸ਼ੀਆਨ ਖਿਲਾਫ ਮੁਕੱਦਮਾ ਦਰਜ ਕਰਵਾਇਆ। |
| ਕਰਾਸ ਕੇਸ | ਮੁਕੱਦਮਾ ਨੰ:194<br>ਮਿਤੀ:27-12-22<br>ਜੁਰਮ:323,341,506,<br>34,ਆਈ.ਪੀ.ਸੀ<br>ਥਾਣਾ ਲਾਲੜੂ | ਕੰਵਲਜੀਤ ਸਿੰਘ ਪੁੱਤਰ ਸੁਖਬੀਰ ਸਿੰਘ<br>ਵਾਸੀ ਪਿੰਡ ਤੋਗਾਪੁਰ, ਥਾਣਾ ਲਾਲੜੂ<br>ਉਮਰ 30 ਸਾਲ | 1) ਗੁਰਪ੍ਰੀਤ ਸਿੰਘ ਪੁੱਤਰ<br>ਗੁਰਸ਼ਰਨ ਸਿੰਘ<br>2) ਗੁਰਸ਼ਰਨ ਸਿੰਘ ਪੁੱਤਰ<br>ਜਸਵੀਰ ਸਿੰਘ ਵਾਸੀਆਨ ਪਿੰਡ<br>ਤੋਗਾਪੁਰ, ਥਾਣਾ ਲਾਲੜੂ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮਿਤੀ 13-12-22 ਨੂੰ ਵਕਤ ਕਰੀਬ 06:20 ਪੀ ਐਮ ਦਾ ਹੋਵੇਗਾ ਉਕਤਾਨ ਦੋਸ਼ੀਆਨ ਨੇ ਬਿਨ੍ਹਾ ਕਿਸੇ ਗੱਲ ਤੋ ਮੈਨੂੰ ਤੇ ਮੇਰੇ ਭਰਾ ਸਤਿੰਦਰਜੀਤ ਸਿੰਘ ਨੂੰ ਪਿੰਡ ਵਿੱਚ ਘੇਰ ਲਿਆ ਤੇ ਉਹਨਾਂ ਨੇ ਰੱਲ ਕੇ ਸਾਡੀ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ। ਜਦੋ ਅਸੀ ਰੌਲਾ ਪਾਇਆ ਤਾਂ ਉਕਤਾਨ ਦੋਸ਼ੀਆਨ ਜਾਨੋ ਮਾਰਨ ਦੀਆ ਧਮਕੀਆ ਦਿੰਦੇ ਹੋਏ ਮੌਕੇ ਤੋ ਫਰਾਰ ਹੋ ਗਏ। ਜਿਹਨਾਂ ਨਾਲ ਸਾਡੀ ਹੁਣ ਤੱਕ ਰਾਜੀਨਾਮੇ ਦੀ ਗੱਲ ਚੱਲਦੀ ਰਹੀ ਪਰ ਸਿੱਰੇ ਨਹੀ ਚੜ੍ਹ ਸਕੀ। ਜਿਸ ਤੇ ਹੁਣ ਮੈ ਉਕਤਾਨ ਦੋਸ਼ੀਆਨ ਖਿਲਾਫ ਮੁਕੱਦਮਾ ਦਰਜ ਕਰਵਾਇਆ। |